The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community

NZ ਤਸਵੀਰ NEWS

www.nztasveernews.co.nz || ਪੰਜਾਬੀ ਅਖ਼ਬਾਰ || NZ Tasveer News




30 November 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਜਹਾਜ਼ ਹਾਦਸੇ ਦੇ 40 ਸਾਲ ਬਾਅਦ ਨਿਊਜ਼ੀਲੈਂਡ ਦੀ ਪੀ.ਐੱਮ. ਨੇ ਮੰਗੀ ਮੁਆਫੀ



ਵੈਲਿੰਗਟਨ: ਨਿਊਜ਼ੀਲੈਂਡ ਦੀ ਪ੍ਰਧਾਨ ਮੰਤਰੀ ਜੈਸਿੰਡਾ ਅਰਡਰਨ ਨੇ 40 ਸਾਲ ਪਹਿਲਾਂ ਅੰਟਾਰਟਿਕਾ ਵਿਚ ਹੋਏ ਇਕ ਜਹਾਜ਼ ਹਾਦਸੇ ਦੇ ਮਾਮਲੇ ਵਿਚ ਉਸ ਸਮੇਂ ਦੀ ਸਰਕਾਰ ਵੱਲੋਂ ਮੁਆਫੀ ਮੰਗੀ ਹੈ। ਉਸ ਹਾਦਸੇ ਵਿਚ 237 ਯਾਤਰੀਆਂ ਅਤੇ ਚਾਲਕ ਦਲ ਦੇ 20 ਮੈਂਬਰਾਂ ਦੀ ਮੌਤ ਹੋ ਗਈ ਸੀ। ਇੱਥੇ ਦੱਸਣਯੋਗ ਹੈ ਕਿ ਏਅਰ ਨਿਊਜ਼ੀਲੈਂਡ ਦੀ ਫਲਾਈਟ 901 ਆਕਲੈਂਡ ਦੇ ਦੇਖਣ ਯੋਗ ਸਥਲਾਂ ਦੀ ਯਾਤਰਾ 'ਤੇ 28 ਨਵੰਬਰ, 1979 ਨੂੰ ਰਵਾਨਾ ਹੋਈ ਸੀ। ਅਮਰੀਕੀ ਅੰਟਾਰਟਿਕ ਅਨੁਸੰਧਾਨ ਬੇਸ ਦੇ ਮੈਕਮਰਡੋ ਸਟੇਸ਼ਨ ਦੇ ਨੇੜੇ ਸਥਿਤ ਮਾਊਂਟ ਏਰੇਬਸ ਜਵਾਲਾਮੁਖੀ ਦੇ ਕਿਨਾਰੇ ਇਹ ਜਹਾਜ਼ ਕਰੈਸ਼ ਹੋ ਗਿਆ ਸੀ। ਉਸ ਹਾਦਸੇ ਵਿਚ ਕੁੱਲ 257 ਲੋਕਾਂ ਮਾਰੇ ਗਏ ਸਨ, ਜਿਨ੍ਹਾਂ ਵਿਚ ਜ਼ਿਆਦਾਤਰ ਨਿਊਜ਼ੀਲੈਂਡ ਦੇ ਨਾਗਰਿਕ ਸਨ। ਇਸ ਦੇ ਨਾਲ ਹੀ ਜਹਾਜ਼ ਵਿਚ ਕੁਝ ਅਮਰੀਕੀ, ਕੈਨੇਡੀਅਨ, ਜਾਪਾਨੀ ਅਤੇ ਆਸਟ੍ਰੇਲੀਆਈ ਨਾਗਰਿਕ ਵੀ ਸਨ। ਹਾਦਸੇ ਦੇ ਬਾਅਦ ਦੋਸ਼ ਲਗਾਇਆ ਗਿਆ ਸੀ ਕਿ ਹਾਦਸਾ ਪਾਇਲਟਾਂ ਦੀ ਲਾਪਰਵਾਹੀ ਕਾਰਨ ਵਾਪਰਿਆ ਸੀ ਪਰ ਜਨਤਕ ਨਾਰਾਜ਼ਗੀ ਦੇ ਬਾਅਦ ਹਾਦਸੇ ਦੀ ਜਾਂਚ ਦੇ ਲਈ ਇਕ ਰੋਇਲ ਕਮਿਸ਼ਨ ਆਫ ਇਨਕਵਾਇਰੀ ਸਥਾਪਿਤ ਕੀਤੀ ਗਈ ਸੀ। ਜਾਂਚ ਵਿਚ ਇਹ ਨਤੀਜਾ ਕੱਢਿਆ ਗਿਆ ਕਿ ਹਾਦਸੇ ਦਾ ਮੁੱਖ ਕਾਰਨ ਇਹ ਸੀ ਕਿ ਸਰਕਾਰੀ ਜਹਾਜ਼ ਕੰਪਨੀ ਨੇ ਜਹਾਜ਼ ਦੇ ਨੇਵੀਗੇਸ਼ਨ ਸਿਸਟਮ ਦੀ ਰੀ-ਪ੍ਰੋਗਰਾਮਿੰਗ ਕੀਤੀ ਸੀ ਅਤੇ ਇਸ ਦੇ ਬਾਰੇ ਵਿਚ ਚਾਲਕ ਦਲ ਨੂੰ ਕੋਈ ਜਾਣਕਾਰੀ ਨਹੀਂ ਸੀ। ਕਮਿਸ਼ਨ ਦੇ ਪ੍ਰਮੁੱਖ ਸਾਬਕਾ ਨਿਆਂਮੂਰਤੀ ਪੀਟਰ ਮਹੋਨ ਨੇ ਵਿਵਾਦਮਈ ਰੂਪ ਨਾਲ ਇਹ ਵੀ ਕਿਹਾ ਕਿ ਏਅਰ ਨਿਊਜ਼ੀਲੈਂਡ ਦੇ ਗਵਾਹਾਂ ਨੇ ਝੂਠੇ ਸਬੂਤ ਦੇਣ ਦੀ ਸਾਜਿਸ ਰਚੀ ਸੀ। ਲਿਹਾਜਾ ਏਅਰ ਨਿਊਜ਼ੀਲੈਂਡ ਅਤੇ ਸਰਕਾਰ ਦੋਹਾਂ ਨੇ ਉਨ੍ਹਾਂ ਦੀ ਰਿਪੋਰਟ ਦੀ ਆਲੋਚਨਾ ਕੀਤੀ ਸੀ। ਪ੍ਰਧਾਨ ਮੰਤਰੀ ਅਰਡਰਨ ਨੇ ਵੀਰਵਾਰ ਨੂੰ ਆਕਲੈਂਡ ਦੇ ਗਵਰਮੈਂਟ ਹਾਊਸ ਵਿਚ ਇਕ ਸਮਾਰਕ ਸੇਵਾ ਵਿਚ ਕਿਹਾ,"ਉਸ ਸਮੇਂ ਦੀ ਸਰਕਾਰ ਅਤੇ ਏਅਰਲਾਈਨ ਦੀਆਂ ਕਾਰਵਾਈਆਂ ਨੇ ਪੀੜਤਾਂ ਦੇ ਪਰਿਵਾਰਾਂ ਨੂੰ ਵਧੇਰੇ ਦਰਦ ਅਤੇ ਦੁੱਖ ਪਹੁੰਚਾਇਆ ਸੀ।"ਅਰਡਰਨ ਨੇ ਆਪਣੇ ਬਿਆਨ ਵਿਚ ਕਿਹਾ,"ਘਟਨਾ ਦੇ 40 ਸਾਲ ਬਾਅਦ ਅੱਜ ਦੀ ਸਰਕਾਰ ਵੱਲੋਂ ਏਅਰਲਾਈਨ ਦੇ ਕੰਮਾਂ ਲਈ ਮੁਆਫੀ ਮੰਗਣ ਦਾ ਸਮਾਂ ਆ ਗਿਆ ਹੈ, ਜਿਸ ਕਾਰਨ ਅਖੀਰ ਜਹਾਜ਼ ਨੂੰ ਨੁਕਸਾਨ ਹੋਇਆ ਅਤੇ ਤੁਹਾਨੂੰ ਆਪਣੇ ਪਿਆਰੇ ਪਰਿਵਾਰ ਵਾਲਿਆਂ ਨੂੰ ਗਵਾਉਣਾ ਪਿਆ।" ਉਨ੍ਹਾਂ ਨੇ ਅੱਗੇ ਕਿਹਾ,"ਇਸ ਤ੍ਰਾਸਦੀ ਲਈ ਪਾਇਲਟ ਜ਼ਿੰਮੇਵਾਰ ਨਹੀ ਸਨ ਅਤੇ ਮੈਂ ਅੱਜ ਫਿਰ ਤੋਂ ਇਹ ਦੱਸਣ ਲਈ ਇੱਥੇ ਖੜ੍ਹੀ ਹਾਂ।" ਅਰਡਰਨ ਨੇ ਸਵੀਕਾਰ ਕੀਤਾ ਕਿ ਰੋਇਲ ਕਮਿਸ਼ਨ ਦੇ ਨਤੀਜਿਆਂ ਨੂੰ ਉਸ ਸਮੇਂ ਦੀ ਸਰਕਾਰ ਨੇ ਸਵੀਕਾਰ ਨਹੀਂ ਕੀਤਾ ਸੀ। ਇਸ ਰਿਪੋਰਟ ਨੂੰ 20 ਸਾਲ ਬਾਅਦ ਸੰਸਦ ਵਿਚ ਪੇਸ਼ ਕੀਤਾ ਗਿਆ ਸੀ। ਸਾਲ 2009 ਵਿਚ ਏਅਰ ਨਿਊਜ਼ੀਲੈਂਡ ਨੇ ਹਾਦਸੇ ਦੇ ਬਾਅਦ ਏਅਰਲਾਈਨ ਵੱਲੋਂ ਕੀਤੀਆਂ ਗਈਆਂ ਗਲਤੀਆਂ ਲਈ ਪੀੜਤਾਂ ਦੇ ਪਰਿਵਾਰਾਂ ਤੋਂ ਮੁਆਫੀ ਮੰਗੀ ਸੀ। ਵੀਰਵਾਰ ਨੂੰ ਏਅਰ ਨਿਊਜ਼ੀਲੈਂਡ ਦੀ ਚੇਅਰਮੈਨ ਥੇਰੇਸੀ ਵਾਲਸ਼ ਨੇ ਵੀ ਘਟਨਾ 'ਤੇ ਦੁੱਖ ਪ੍ਰਗਟ ਕੀਤਾ।

## ਨਿਊਜੀਲੈਂਡ 'ਚ ਆਨ ਲਾਈਨ ਸ਼ਾਪਿੰਗ ਲਈ ਹੁਣ ਦੇਣੇ ਪੈਣਗੇ ਵਾਧੂ ਪੈਸੇ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਨਿਊਜੀਲੈਂਡ 'ਚ ਆਨਲਾਈਨ ਸ਼ਾਪਿੰਗ ਕਰਨ ਵਾਲਿਆ ਨੂੰ ਆਉਂਦੇ ਐਤਵਾਰ ਤੋਂ ਜੇਬ ਢਿੱਲੀ ਕਰਨੀ ਪਵੇਗੀ, ਇਸ ਦਾ ਕਾਰਨ ਇਹ ਹੈ ਕਿ ਆਨ ਲਾਈਨ ਮਾਲ ਸਪਲਾਈ ਕਰਨ ਵਾਲੀਆਂ ਕੰਪਨੀਆਂ ਟੈਕਸ ਲੈ ਕੇ ਸਰਕਾਰ ਨੂੰ ਦੇਣਗੀਆਂ ਜਿਸਦਾ ਸਿੱਧਾ ਅਸਰ ਨਿਊਜੀਲੈਂਡ ਗਾਹਕਾਂ 'ਤੇ ਪਵੇਗਾ। ਜਿਕਰਯੋਗ ਹੈ ਕਿ ਪਿਛਲੇ ਕੁੱਝ ਸਮੇਂ ਆਨ ਲਾਈਨ ਖਰੀਦਦਾਰੀ ਕਰਨ ਵਾਲਿਆਂ ਦੀ ਗਿਣਤੀ ਵਿੱਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ।

## ਲੰਦਨ ਬ੍ਰਿਜ 'ਤੇ ਗੋਲ਼ੀਬਾਰੀ, ਕਈ ਲੋਕ ਜ਼ਖ਼ਮੀ

ਲੰਡਨ: ਬ੍ਰਿਟੇਨ ਦੀ ਰਾਜਧਾਨੀ ਲੰਡਨ ਤੋਂ ਇਕ ਵੱਡੀ ਖਬਰ ਸਾਹਮਣੇ ਆਈ ਹੈ। ਲੰਡਨ ਬ੍ਰਿਜ 'ਤੇ ਗੋਲੀਬਾਰੀ ਹੋਣ ਦੀ ਖ਼ਬਰ ਹੈ। ਇਸ ਪੁਲ 'ਤੇ ਸ਼ੱਕੀ ਵਿਅਕਤੀ ਨੇ ਲੋਕਾਂ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਹਮਲੇ ਦੀ ਸੂਚਨਾ ਮਿਲਦੇ ਹੀ ਪੁਲਿਸ ਨੇ ਘੇਰਾਬੰਦੀ ਕੀਤੀ ਅਤੇ ਸ਼ੱਕੀ ਵਿਅਕਤੀ ਨੂੰ ਗੋਲੀ ਮਾਰ ਦਿੱਤੀ। ਪੁਲਿਸ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਟ੍ਰੈਫਿਕ ਲਈ ਪੁਲ ਨੂੰ ਸੀਲ ਕਰ ਦਿੱਤਾ ਗਿਆ ਹੈ। ਸ਼ੱਕੀ ਦੇ ਹਮਲੇ ਵਿਚ ਬਹੁਤ ਸਾਰੇ ਲੋਕ ਜ਼ਖਮੀ ਹੋਏ ਹਨ। ਇਸ ਮਾਮਲੇ ਵਿਚ ਕਿੰਨੇ ਲੋਕ ਜ਼ਖਮੀ ਹੋਏ ਹਨ ਬਾਰੇ ਅਜੇ ਜਾਣਕਾਰੀ ਸਾਹਮਣੇ ਨਹੀਂ ਆਈ ਹੈ। ਪੁਲਿਸ ਨੇ ਇਲਾਕੇ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ ਹੈ। ਘਟਨਾ ਤੋਂ ਬਾਅਦ ਮੌਜੂਦ ਲੋਕਾਂ ਵਿਚ ਭਗਦੜ ਮੱਚ ਗਈ।

## ਆਕਲੈਂਡ 'ਚ ਔਰਤਾਂ 'ਤੇ ਹਮਲਾ ਕਰਨ ਵਾਲਾ 17 ਸਾਲਾ ਮੁੰਡਾ ਗ੍ਰਿਫਤਾਰ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਆਕਲੈਂਡ 'ਚ ਸੈਰ ਕਰਨ ਵਾਲੀਆਂ ਔਰਤਾਂ 'ਤੇ 'ਤੇ ਦਿਨ ਦਿਹਾੜੇ ਕੀਤੇ ਗਏ ਇੱਕ ਤੋਂ ਇੱਕ ਹਮਲਿਆਂ ਤੋਂ ਬਾਅਦ ਇਕ 17 ਸਾਲਾ ਮਰਦ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪੁਲਿਸ ਦਾ ਦੋਸ਼ ਹੈ ਕਿ ਪਿਛਲੇ ਤਿੰਨ ਮਹੀਨਿਆਂ ਵਿੱਚ ਪੰਜ ਔਰਤਾਂ ਉੱਤੇ ਹਮਲਾ ਕੀਤਾ ਗਿਆ ਸੀ, ਜਿਨ੍ਹਾਂ ਵਿੱਚ ਤਿੰਨ ਉੱਤਰੀ ਕਿਨਾਰੇ ਅਤੇ ਦੋ ਪੱਛਮੀ ਆਕਲੈਂਡ ਵਿੱਚ ਹੋਏ ਸਨ। ਇੱਕ ਹਮਲੇ ਵਿੱਚ, ਇੱਕ ਔਰਤ ਤੇ ਉਦੋਂ ਹਮਲਾ ਹੋਇਆ ਜਦੋਂ ਉਸ ਨੂੰ ਸੈਰ ਦੇ ਦੌਰਾਨ ਪਿੱਛੇ ਤੋਂ ਫੜ ਲਿਆ ਗਿਆ ਅਤੇ ਜ਼ਮੀਨ ਤੇ ਸੁੱਟ ਦਿੱਤਾ ਗਿਆ। ਅੱਜ ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਇੱਕ ਕਿਸ਼ੋਰ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਹੁਣ ਉਹ ਕਈ ਦੋਸ਼ਾਂ ਦਾ ਸਾਹਮਣਾ ਕਰੇਗਾ, ਜਿਸ ਵਿੱਚ ਜ਼ਖਮੀ ਹੋਣ ਦੇ ਇਰਾਦੇ ਨਾਲ ਹਮਲਾ ਕਰਨਾ, ਜਿਨਸੀ



ਉਲੰਘਣਾ ਕਰਨ ਦੇ ਇਰਾਦੇ ਨਾਲ ਹਮਲਾ ਕਰਨਾ, ਅਤੇ ਗੰਭੀਰ ਸਰੀਰਕ ਨੁਕਸਾਨ ਪਹੁੰਚਾਉਣ ਦੇ ਇਰਾਦੇ ਨਾਲ ਜ਼ਖਮੀ ਕਰਨ ਦੀਆਂ ਤਿੰਨ ਗਿਣਤੀਆਂ ਸ਼ਾਮਲ ਹਨ। ਉਹ ਕੱਲ੍ਹ ਯੂਥ ਕੋਰਟ ਵਿੱਚ ਪੇਸ਼ ਹੋਵੇਗਾ। ਸੀਨੀਅਰ ਸਾਰਜੈਂਟ ਕਾਲਮ ਮੈਕਨੀਲ ਨੇ ਕਿਹਾ ਕਿ ਜਾਂਚ ਦੇ ਦੌਰਾਨ ਹੋਰ ਦੋਸ਼ ਵੀ ਆ ਸਕਦੇ ਹਨ।

## ਅਜੀਬ ਮਾਮਲਾ ! ਇਸ ਕੁੜੀ ਨੂੰ ਪਸੀਨਾ ਤੇ ਹੰਝੂ ਨਿਕਲਣ ਨਾਲ ਹੋ ਜਾਂਦੇ ਬੁਖਾਰ

ਪਾਣੀ ਮਨੁੱਖੀ ਜ਼ਿੰਦਗੀ ਦਾ ਮਹੱਤਵਪੂਰਨ ਸਰੋਤ ਹੈ। ਪਾਣੀ ਕਿਸੇ ਲਈ ਜਾਨਲੇਵਾ ਹੋ ਸਕਦਾ ਹੈ ਇਸ ਬਾਰੇ ਸੋਚ ਕੇ ਹੀ ਹੈਰਾਨੀ ਹੁੰਦੀ ਹੈ। ਅੱਜ ਅਸੀਂ ਤੁਹਾਨੂੰ ਅਜਿਹੀ ਕੁੜੀ ਬਾਰੇ ਦੱਸ ਰਹੇ ਹਾਂ ਜਿਸ ਦਾ ਪਾਣੀ ਕਾਰਨ ਜਿਉਣਾ ਮੁਸ਼ਕਲ ਹੋ ਗਿਆ ਹੈ। ਇਸ ਕੁੜੀ ਦੇ ਜੇਕਰ ਪਸੀਨਾ ਆਉਂਦਾ ਹੈ ਜਾਂ ਹੰਝੂ ਨਿਕਲਦੇ ਹਨ ਤਾਂ ਸਕਿਨ 'ਤੇ ਲਾਲ ਨਿਸ਼ਾਨ ਪੈ ਜਾਂਦੇ ਹਨ ਅਤੇ ਬੁਖਾਰ ਜਾਂ ਸਿਰ ਦਰਦ ਹੋਣ ਲੱਗਦਾ ਹੈ। ਇਸ ਦੁਰਲੱਭ ਬੀਮਾਰੀ ਦੀ ਸ਼ਿਕਾਰ 21 ਸਾਲਾ ਕੁੜੀ ਅਮਰੀਕਾ ਦੀ ਰਹਿਣ ਵਾਲੀ ਹੈ ਅਤੇ ਉਸ ਦਾ ਨਾਮ ਟੇਸਾ ਹੈਨਸੇਨ ਸਮਿਥ ਹੈ। ਟੇਸਾ ਨੂੰ ਪਾਣੀ ਤੋਂ ਐਲਰਜੀ ਹੈ। ਉਹ ਜਦੋਂ ਵੀ ਰੋਂਦੀ ਹੈ ਜਾਂ ਉਸ ਦੇ ਸਰੀਰ ਵਿਚੋਂ ਪਸੀਨਾ ਨਿਕਲਦਾ ਹੈ ਤਾਂ ਉਸ ਦੇ ਸਰੀਰ ਵਿਚ ਲਾਲ ਦਾਣੇ ਨਿਕਲ ਆਉਂਦੇ ਹਨ ਜਾਂ ਨਿਸ਼ਾਨ ਪੈ ਜਾਂਦੇ ਹਨ। ਉਹ ਐਕਵਾਜੇਨਿਕ ਅਰਟੀਕੈਰੀਆ (aquagenic urticaria) ਨਾਲ ਪੀੜਤ ਹੈ। ਇਸ ਬੀਮਾਰੀ ਨਾਲ ਦੁਨੀਆ ਭਰ ਵਿਚ 100 ਤੋਂ ਘੱਟ ਲੋਕ ਪ੍ਰਭਾਵਿਤ ਹਨ। ਇਸ ਕਾਰਨ ਟੇਸਾ ਜਦੋਂ ਵੀ ਪਾਣੀ ਦੇ ਸੰਪਰਕ ਵਿਚ ਆਉਂਦੀ ਹੈ ਤਾਂ ਉਸ ਨੂੰ ਮਾਈਗ੍ਰੇਨ ਹੋਣ ਲੱਗਦਾ ਹੈ ਅਤੇ ਕੁਝ ਹੀ ਮਿੰਟਾਂ ਵਿਚ



ਬੁਖਾਰ ਤੱਕ ਹੋ ਜਾਂਦਾ ਹੈ।

ਇਸ ਐਲਰਜੀ ਕਾਰਨ ਨੇਸਾ ਖੇਡ ਵੀ ਨਹੀਂ ਸਕਦੀ। ਇਸ ਬੀਮਾਰੀ ਬਾਰੇ ਨੇਸਾ ਦੀ ਡਾਕਟਰ ਮਾਂ ਨੂੰ ਪਤਾ ਚੱਲਿਆ ਸੀ। ਉਹ ਮਹੀਨੇ ਵਿਚ ਦੋ ਵਾਰ ਹੀ ਨਹਾਉਂਦੀ ਹੈ ਅਤੇ ਪਾਣੀ ਦੀ ਇਕ ਬੂੰਦ ਪੀਣ 'ਤੇ ਬੇਚੈਨੀ ਮਹਿਸੂਸ ਕਰਦੀ ਹੈ। ਕੈਲੀਫੋਰੀਨੀਆ ਦੀ ਰਹਿਣ ਵਾਲੀ ਟੇਸਾ ਕਹਿੰਦੀ ਹੈ,"ਉਸ ਨੂੰ ਮਾਂਸਪੇਸ਼ੀਆਂ ਵਿਚ ਬਹੁਤ ਥਕਾਵਟ ਮਹਿਸੂਸ ਹੁੰਦੀ ਹੈ ਅਤੇ ਉਲਟੀ ਦਾ ਅਹਿਸਾਸ ਹੁੰਦਾ ਹੈ। ਇੱਥੋਂ ਤੱਕ ਕਿ ਜ਼ਿਆਦਾ ਪਾਣੀ ਵਾਲੇ ਫਲਾਂ ਅਤੇ ਸਬਜੀਆਂ ਨੂੰ ਖਾਣ ਦੇ ਬਾਅਦ ਆਮਤੌਰ 'ਤੇ ਮੈਨੂੰ ਇਹ ਬੀਮਾਰੀ ਹੋ ਜਾਂਦੀ ਹੈ। ਇੱਥੋਂ ਤੱਕ ਕਿ ਪਾਣੀ ਪੀਣ ਨਾਲ ਮੇਰੀ ਜੀਭ 'ਤੇ ਕੱਟ ਲੱਗ ਸਕਦੇ ਹਨ।" 10 ਸਾਲ ਦੀ ਉਮਰ ਵਿਚ ਟੇਸਾ ਨੂੰ ਇਸ ਐਲਰਜੀ ਨਾਲ ਪੀੜਤ ਹੋਣ ਬਾਰੇ ਪਤਾ ਚੱਲਿਆ ਸੀ। ਭਾਵੇਂਕਿ ਪਹਿਲੀ ਵਾਰ ਟੇਸਾ ਨੂੰ 8 ਸਾਲ ਦੀ ਉਮਰ ਵਿਚ ਇਸ ਬੀਮਾਰੀ ਦੇ ਲੱਛਣ ਦਿੱਸਣ ਲੱਗੇ ਸਨ, ਜਦੋਂ ਨਹਾਉਣ ਦੇ ਬਾਅਦ ਉਸ ਦੇ ਸਰੀਰ 'ਤੇ ਦਾਣੇ ਨਿਕਲ ਆਉਂਦੇ ਸਨ। ਸ਼ੁਰੂ ਵਿਚ ਟੇਸਾ ਦੇ ਮਾਤਾ-ਪਿਤਾ ਨੇ ਸੋਚਿਆ ਸੀ ਕਿ ਇਹ ਕਿਸੇ ਸਾਬਣ ਅਤੇ ਸ਼ੈਂਪੂ ਨਾਲ ਐਲਰਜੀ ਹੋਣ ਕਾਰਨ ਹੋ ਰਿਹਾ ਸੀ। ਫਿਰ ਬਾਅਦ ਵਿਚ ਪਤਾ ਚੱਲਿਆ ਕਿ ਇਹ ਐਲਰਜੀ ਪਾਣੀ ਨਾਲ ਸੀ।

